# ਇਨਜੈਕਸ਼ਨ ਲਾਉਣ ਦੀ ਤਕਨੀਕ

Pr Fragmin® dalteparin sodium

## ਪਹਿਲਾ ਤੋਂ ਭਰੀ ਸੁਰੱਖਿਆ ਸਿਰਿੰਜ ਦੀ ਵਰਤੋਂ ਕਰਕੇ ਆਪਣੇ-ਆਪ ਨੂੰ ਇਕ FRAGMIN ਇਨਜੈਕਸ਼ਨ ਕਿਵੇਂ ਲਾਉਣਾ ਹੈ

**ਆਪਣੀਆਂ ਉਂਗਲਾਂ ਦੇ ਨਾਲ ਬਲਿਸਟਰ ਪੈਕੇਜਿੰਗ ਤੋਂ ਸਿਰਿੰਜ ਨੂੰ ਕੱਢਣ ਦੀ ਕੋਸ਼ਿਸ਼ ਨਾ ਕਰੋ।**
1 ਤੋਂ 3 ਕਦਮਾਂ ਵਿੱਚ ਦਿਖਾਏ ਗਏ ਮੁਤਾਬਕ ਸਹੀ ਸੰਭਾਲ ਤਕਨੀਕ ਲਈ ਨਿਰਦੇਸ਼ਾਂ ਦਾ ਪਾਲਣ ਕਰੋ, ਨਹੀਂ ਤਾਂ, ਸੂਈ ਦਾ ਸੁਰੱਖਿਆ ਤਰੀਕਾ ਕਿਰਿਆਸ਼ੀਲ ਹੋ ਸਕਦਾ ਹੈ, ਜੋ ਸਿਰਿੰਜ ਨੂੰ ਬੇਕਾਰ ਬਣਾ ਦਿੰਦਾ ਹੈ।

### ਕਦਮ 1

ਬਲਿਸਟਰ ਪੈਕੇਜਿੰਗ ਦੇ ਪਿੱਛੋਂ ਕਾਗ਼ਜ਼ ਨੂੰ ਪੂਰੀ ਤਰ੍ਹਾਂ ਉਤਾਰ ਲਓ।



### ਕਦਮ 2

ਪੈਕੇਜਿੰਗ ਨੂੰ ਘੁਮਾਓ ਤਾਂ ਜੋ ਖੁੱਲ੍ਹਾ ਹਿੱਸਾ ਹੇਠਾਂ ਵੱਲ ਕਿਸੇ ਸਮਤਲ ਸਤਹਿ, ਜਿਵੇਂ ਕਿ ਇਕ ਮੇਜ਼, ਤੋਂ ਤਿੰਨ ਤੋਂ ਪੰਜ ਸੈਂਟੀਮੀਟਰ ਉੱਪਰ ਹੋਵੇ।



### ਕਦਮ 3

ਸਿਰਿੰਜ ਨੂੰ ਕੱਢਣ ਲਈ, ਬਲਿਸਟਰ ਦੇ ਛੇਕ ਨੂੰ ਚੋੜਾ ਕਰਨ ਲਈ ਬਲਿਸਟਰ ਪੈਕੇਜਿੰਗ ਦੇ ਵਿੱਚਕਾਰ ਕਿਨਾਰਿਆਂ ਨੂੰ ਬਾਹਰ ਵੱਲ ਖਿੱਚੋ। ਇਸ ਤਰ੍ਹਾਂ ਕਰਨ ਨਾਲ ਸਿਰਿੰਜ ਬਲਿਸਟਰ ਤੋਂ ਬਾਹਰ ਡਿੱਗਣੀ ਚਾਹੀਦੀ ਹੈ।



### ਕਦਮ 4

ਆਪਣੇ ਹੱਥ ਧੋਵੋ।



### ਕਦਮ 5

**ਇਨਜੈਕਸ਼ਨ ਲਗਾਉਣ ਲਈ ਸਥਾਨ ਚੁਣੋ।** ਇਨਜੈਕਸ਼ਨ ਲਗਾਉਣ ਲਈ ਤਰਜੀਹ ਵਾਲਾ ਸਥਾਨ ਪੇਟ ਦਾ ਹੇਠਲਾ ਹਿੱਸਾ ਹੈ। FRAGMIN ਦਾ ਇਨਜੈਕਸ਼ਨ ਪੱਟ ਦੇ ਪਾਸੇ ਵਿੱਚ ਵੀ ਲਗਾਇਆ ਜਾ ਸਕਦਾ ਹੈ, ਬਸ਼ਰਤੇ ਕਿ ਮਾਂਸਪੇਸ਼ੀ ਦੇ ਉਤਕਾਂ (ਟਿਸ਼ੂ) ਵਿੱਚ ਇਨਜੈਕਸ਼ਨ ਨਾ ਲਗਾਉਣ ਦੀ ਸਾਵਧਾਨੀ ਵਰਤੀ ਜਾਵੇ। ਬਾਅਦ ਦੇ ਹਰ ਇੱਕ ਇਨਜੈਕਸ਼ਨ ਲਈ ਚਿੱਤਰ ਵਿੱਚ ਦਿਖਾਏ ਮੁਤਾਬਕ ਪੇਟ ਜਾਂ ਪੱਟ ਉੱਤੇ ਇਕ ਵੱਖਰਾ ਸਥਾਨ ਚੁਣੋ।




### ਕਦਮ 6

**ਸਥਾਨ ਨੂੰ ਸਾਫ਼ ਕਰੋ।**
ਅਲਕੋਹਲ ਦੇ ਇੱਕ ਫੰਬੇ ਦੇ ਨਾਲ ਇਨਜੈਕਸ਼ਨ ਲਈ ਚੁਣੇ ਗਏ ਸਥਾਨ ਨੂੰ ਪੂੰਝੋ ਅਤੇ ਇਸ ਨੂੰ ਸੁੱਕਣ ਦਿਓ।



### ਕਦਮ 7

**ਸਿਰਿੰਜ ਨੂੰ ਉਸਦੇ ਮੁੱਖ ਹਿੱਸੇ ਤੋਂ ਪਕੜ ਕੇ ਉੱਤੇ ਚੁੱਕੋ ਅਤੇ FRAGMIN ਖੁਰਾਕ ਦਾ ਇਨਜੈਕਸ਼ਨ ਲਗਾਉਣ ਲਈ ਤਿਆਰੀ ਕਰੋ।**
ਵਰਤੋਂ ਦੇ ਦੌਰਾਨ ਕਿਸੇ ਵੀ ਸਮੇਂ ਤੇ ਸੂਈ ਦੇ ਗਾਰਡ ਨੂੰ ਕਿਰਿਆਸ਼ੀਲ ਕਰਨ ਵਾਲੇ ਕਲਿੱਪਾਂ ਨੂੰ ਹੱਥ ਨਾ ਲਗਾਓ। ਇਸ ਕਰਕੇ ਸੂਈ ਦਾ ਸੁਰੱਖਿਆ ਸਾਧਨ ਕਿਰਿਆਸ਼ੀਲ ਹੋ ਸਕਦਾ ਹੈ ਜਿਸ ਕਰਕੇ ਤੁਹਾਡੇ ਰਾਹੀਂ ਇਨਜੈਕਸ਼ਨ ਲਗਾਏ ਜਾਣ ਤੋਂ ਪਹਿਲਾਂ ਹੀ ਸੂਈ ਪਿੱਛੇ ਖਿੱਚੀ (ਵਾਪਸ ਲਈ) ਜਾ ਸਕਦੀ ਹੈ। ਇਸ ਨਾਲ ਸਿਰਿੰਜ ਬੇਕਾਰ ਹੋ ਜਾਵੇਗੀ।



### ਕਦਮ 8

**ਸੂਈ ਦੇ ਸੁਰੱਖਿਆ ਕਵਰ ਨੂੰ ਉਤਾਰੋ।**
ਕਿਰਪਾ ਕਰਕੇ ਨੋਟ ਕਰੋ ਕਿ ਸੂਈ ਦੇ ਸੁਰੱਖਿਆ ਕਵਰ ਨੂੰ ਉਤਾਰਨ ਲਈ ਮਜ਼ਬੂਤ ਖਿੱਚ ਚਾਹੀਦੀ ਹੈ। ਪੂਰੀ ਖੁਰਾਕ ਦੇਣਾ ਯਕੀਨੀ ਬਣਾਉਣ ਲਈ, ਇਨਜੈਕਸ਼ਨ ਤੋਂ ਪਹਿਲੇ, ਪਹਿਲਾਂ ਤੋਂ ਭਰੀ ਸੂਈ 'ਚੋਂ ਹਵਾ ਦੇ ਛੋਟੇ ਬੁਲਬੁਲਿਆਂ ਨੂੰ ਨਾ ਕੱਢੋ।



ਜਾਰੀ →

## ਕਦਮ 9

### ਚਮੜੀ ਨੂੰ ਇੱਕ ਚੂੰਡੀ ਵਿੱਚ ਫੜੋ।

ਸੂਈ ਨੂੰ ਅੰਗੂਠੇ ਅਤੇ ਪਹਿਲੀ ਉਂਗਲ ਦੇ ਨਾਲ ਬਣਾਏ ਗਈ ਚਮੜੀ ਦੀ ਤਹਿ ਵਿੱਚ ਪਾਉਣਾ ਲਾਜ਼ਮੀ ਹੈ। **ਚਮੜੀ ਦੀ ਤਹਿ ਨੂੰ ਪੂਰਾ ਇਨਜੈਕਸ਼ਨ ਲਗਾਏ ਜਾਣ ਦੌਰਾਨ ਇਵੇਂ ਹੀ ਰੱਖਣਾ ਚਾਹੀਦਾ ਹੈ।**



## ਕਦਮ 10

### FRAGMIN ਦਿਓ।

ਆਪਣੇ ਮੁੱਖ ਹੱਥ ਨੂੰ ਵਰਤ ਕੇ, ਸਿਰਿੰਜ ਨੂੰ ਆਪਣੇ ਅੰਗੂਠੇ ਅਤੇ ਵਿੱਚਕਾਰਲੀ ਉਂਗਲ ਦੇ ਵਿੱਚਕਾਰ ਇਕ ਪੈੱਨਸਿਲ ਵਾਂਗ ਫੜੋ। ਸੂਈ ਨੂੰ ਚਮੜੀ ਦੀ ਤਹਿ ਵਿੱਚ ਖੜੇ ਰੁੱਖ ਅੰਦਰ ਪਾਓ, ਜਿੰਨੀ ਅੰਦਰ ਜਾ ਸਕੇ, ਜਾਣ ਦਿਓ। ਇਕ ਵਾਰ ਅੰਦਰ ਪਾ ਲਈ ਜਾਵੇ ਤਾਂ ਸੂਈ ਨੂੰ ਹਿਲਾਇਆ ਨਹੀਂ ਜਾਣਾ ਚਾਹੀਦਾ।



**ਜੇ ਤੁਸੀਂ ਖੁਦ ਇਨਜੈਕਸ਼ਨ ਲਗਾ ਰਹੇ ਹੋ ਤਾਂ,** ਪਹਿਲੀ ਉਂਗਲ ਦੀ ਵਰਤੋਂ ਕਰਕੇ ਪਲੰਜਰ ਨੂੰ ਦਬਾਓ; **ਜੇ ਤੁਸੀਂ ਕਿਸੇ ਹੋਰ ਨੂੰ ਇਨਜੈਕਸ਼ਨ ਲਗਾ ਰਹੇ ਹੋ,** ਤਾਂ ਪਲੰਜਰ ਨੂੰ ਦਬਾਉਣ ਲਈ ਅੰਗੂਠੇ ਦੀ ਵਰਤੋਂ ਕਰੋ।

## ਕਦਮ 11

### ਸੂਈ ਨੂੰ ਕੱਢੋ ਅਤੇ ਸੂਈ ਦੇ ਗਾਰਡ ਨੂੰ ਕਿਰਿਆਸ਼ੀਲ ਕਰੋ।

ਜਦੋਂ ਤੁਸੀਂ ਸਿਰਿੰਜ ਦੀ ਸਾਰੀ ਸਮੱਗਰੀ ਦਾ ਇਨਜੈਕਸ਼ਨ ਲਗਾ ਚੁੱਕੇ ਹੋਵੋ ਤਾਂ **ਚਮੜੀ ਦੀ ਤਹਿ ਨੂੰ ਬਣਾ ਕੇ ਰੱਖਦੇ ਹੋਏ ਅਤੇ ਪਲੰਜਰ ਨੂੰ ਹੇਠਾਂ ਦਬਾ ਕੇ ਰੱਖਦੇ ਹੋਏ ਸੂਈ ਨੂੰ ਬਾਹਰ ਕੱਢੋ ਅਤੇ ਫੇਰ ਚਮੜੀ ਨੂੰ ਛੱਡ ਦਿਓ।**



ਪਲੰਜਰ ਨੂੰ ਛੱਡ ਦਿਓ ਅਤੇ ਸਿਰਿੰਜ ਨੂੰ ਉੱਪਰ ਵੱਲ ਉਪਕਰਣ ਦੇ ਅੰਦਰ ਜਾਣ ਦਿਓ ਜਦੋਂ ਤੱਕ ਪੂਰੀ ਸੂਈ ਸੁਰੱਖਿਅਤ ਨਹੀਂ ਹੋ ਜਾਂਦੀ। **ਪੂਰੀ ਖੁਰਾਕ ਦਿੱਤੇ ਜਾਣ ਤੱਕ ਸੂਈ ਦਾ ਗਾਰਡ ਕਿਰਿਆਸ਼ੀਲ ਨਹੀਂ ਹੋਵੇਗਾ।**

## ਕਦਮ 12

### FRAGMIN ਨੂੰ ਦਿੱਤੇ ਜਾਣ ਤੋਂ ਬਾਅਦ।

5-10 ਸੈਕੰਡ ਜਾਂ ਲੰਮੇ ਸਮੇਂ ਲਈ ਰੂੰ ਦੇ ਫੰਬੇ ਨੂੰ ਇਨਜੈਕਸ਼ਨ ਦੇ ਸਥਾਨ ਤੇ ਦਬਾ ਕੇ ਰੱਖੋ। ਨੀਲ ਪੈਣ ਤੋਂ ਬਚਾਅ ਕਰਨ ਲਈ, ਇਨਜੈਕਸ਼ਨ ਦੀ ਥਾਂ ਨੂੰ ਰਗੜੋ ਨਹੀਂ।



ਵਰਤੀ ਗਈ ਸਿਰਿੰਜ ਨੂੰ ਸਵੀਕ੍ਰਤ ਡੱਬੇ ਵਿੱਚ ਸੁੱਟ ਦਿਓ। ਯਕੀਨੀ ਬਣਾਓ ਕਿ ਇਸ ਨੂੰ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖਿਆ ਜਾਵੇ।

FRAGMIN ਦੀ ਵਰਤੋਂ ਸਰਜਰੀ ਦੇ ਦੌਰਾਨ ਖੂਨ ਦੇ ਥੱਕੇ (ਗਤਲੇ) ਬਣਨ ਨੂੰ ਰੋਕਣ ਲਈ, ਡੂੰਘੀਆਂ ਨਾੜੀਆਂ ਵਿੱਚ ਖੂਨ ਦੇ ਥੱਕਿਆਂ ਦੀ ਤੀਬਰ ਬਣਤਰ ਦਾ ਇਲਾਜ ਕਰਨ ਲਈ, ਕੈਂਸਰ ਦੇ ਮਰੀਜ਼ਾਂ ਵਿੱਚ ਥੱਕਿਆਂ ਦੇ ਮੁੜ–ਵਾਪਰਨ ਨੂੰ ਰੋਕਣ ਵਾਸਤੇ, ਖੂਨ ਦੇ ਲੱਛਣਕਾਰੀ ਗਤਲਿਆਂ ਦਾ ਇਲਾਜ ਕਰਨ ਲਈ, ਅਸਥਿਰ ਕੋਰੋਨਰੀ ਧਮਣੀ ਬੀਮਾਰੀ ਦਾ ਇਲਾਜ ਕਰਨ ਲਈ, ਅਤੇ ਤੀਬਰ ਬੀਮਾਰੀ ਦੇ ਦੌਰਾਨ ਗਤੀਸ਼ੀਲਤਾ ਬੰਦ ਹੋਣ ਸਮੇਂ ਜੋਖਮ ਵਿੱਚ ਪਏ ਮਰੀਜ਼ਾਂ ਵਿੱਚ ਖੂਨ ਦੇ ਥੱਕਿਆਂ ਨੂੰ ਰੋਕਣ ਲਈ, ਅਤੇ ਗੁਰਦੇ ਦੀ ਤੀਬਰ ਵਿਫਲਤਾ ਅਤੇ ਗੁਰਦੇ ਦੀ ਪੁਰਾਣੀ ਬੀਮਾਰੀ ਦੇ ਸਬੰਧ ਵਿੱਚ ਖੂਨ ਦੇ ਡਾਇਲੇਸਿਸ ਅਤੇ ਫਿਲਟ੍ਰੇਸ਼ਨ ਉਪਕਰਣ ਵਿੱਚ ਥੱਕਾ ਬਣਨ ਤੋਂ ਰੋਕਣ ਲਈ ਕੀਤਾ ਜਾਂਦਾ ਹੈ।

**ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਡਾਕਟਰ ਅਤੇ ਨਰਸ ਦੀਆਂ ਹਿਦਾਇਤਾਂ ਦੀ ਸਾਵਧਾਨੀ ਨਾਲ ਪਾਲਣਾ ਕਰੋ। ਆਪਣੇ–ਆਪ ਨੂੰ ਆਪਣੇ ਡਾਕਟਰ ਰਾਹੀਂ ਵਿਸ਼ੇਸ਼ ਤੌਰ ਤੇ ਦੱਸੀ ਸਮੇਂ ਦੀ ਸਾਰੀ ਮਿਆਦ ਲਈ ਨੁਸਖ਼ੇ ਵਿੱਚ ਲਿਖੇ ਇਨਜੈਕਸ਼ਨ ਲਗਾਓ।**

**ਰਬੜ ਦੀ ਸੂਈ ਦੀ ਢਾਲ (ਸ਼ੀਲਡ) ਵਿੱਚ ਲੇਟੈੱਕਸ ਹੋ ਸਕਦਾ ਹੈ। ਜੇ ਤੁਹਾਨੂੰ ਲੇਟੈੱਕਸ (ਕੁਦਰਤੀ ਰਬੜ) ਦੇ ਪ੍ਰਤੀ ਅਤਿ–ਸੰਵੇਦਨਸ਼ੀਲਤਾ ਹੋਈ ਹੈ ਜਾਂ ਇਸ ਵੇਲੇ ਉਸ ਦੇ ਪ੍ਰਤੀ ਅਤਿ–ਸੰਵੇਦਨਸ਼ੀਲਤਾ ਹੈ, ਤਾਂ ਆਪਣੇ ਡਾਕਟਰ ਜਾਂ ਫਾਰਮਾਸਿਸਟ ਨਾਲ ਗੱਲ ਕਰੋ।**

**ਜਦ ਤੁਸੀਂ FRAGMIN ਲੈ ਰਹੇ ਹੋਵੋ ਤਾਂ ਆਪਣੇ ਡਾਕਟਰ ਰਾਹੀਂ ਨੁਸਖੇ ਵਿੱਚ ਲਿਖੀਆਂ ਦਵਾਈਆਂ ਤੋਂ ਅਲਾਵਾ ਹੋਰ ਦਵਾਈਆਂ ਨਾ ਲਓ।** ਕਿਉਂਕਿ ਕੁਝ ਦਵਾਈਆਂ FRAGMIN ਦੇ ਗਤਲਾ–ਰੋਧਕ ਪ੍ਰਭਾਵ (ਉਦਾਹਰਣ ਲਈ, ਖੂਨ ਪਤਲਾ ਕਰਨ ਵਾਲੇ ਪ੍ਰਭਾਵ) ਨੂੰ ਤੇਜ਼ ਕਰ ਸਕਦੀਆਂ ਹਨ, ਤੁਹਾਡੇ ਲਈ ਆਪਣੇ ਡਾਕਟਰ ਨੂੰ ਤੁਹਾਡੇ ਵਲੋਂ ਲਈ ਜਾ ਰਹੀ ਕਿਸੇ ਵੀ ਦਵਾਈ ਬਾਰੇ ਦੱਸਣਾ ਮਹੱਤਵਪੂਰਣ ਹੈ।

**FRAGMIN ਚਮੜੀ ਦੀ ਸਤਹ ਹੇਠਾਂ ਇਕ ਇਨਜੈਕਸ਼ਨ ਵਜੋਂ ਦਿੱਤੀ ਜਾਂਦੀ ਹੈ ਅਤੇ ਮਾਂਸਪੇਸ਼ੀ ਦੇ ਅੰਦਰ ਨਹੀਂ ਦਿੱਤੀ ਜਾਣੀ ਚਾਹੀਦੀ।**

**FRAGMIN ਲੈਣਾ ਬੰਦ ਕਰੋ ਅਤੇ ਆਪਣੇ ਡਾਕਟਰ ਨਾਲ ਸੰਪਰਕ ਕਰੋ** ਜੇ ਤੁਸੀਂ ਇਹ ਮਹਿਸੂਸ ਕਰਦੇ ਹੋ: ਇਨਜੈਕਸ਼ਨ ਦੀ ਥਾਂ ਦੇ ਆਲੇ–ਦੁਆਲੇ ਰੰਗ ਦਾ ਗੰਭੀਰ ਵਿਗਾੜ, ਦਰਦ ਜਾਂ ਨੀਲ ਪੈਣਾ; ਕਿਸੇ ਪ੍ਰਤੱਖ ਕਾਰਣ ਦੇ ਬਿਨਾਂ ਨੀਲ ਪੈਣਾ; ਨੱਕ ਤੋਂ ਖੂਨ ਵੱਗਣਾ; ਮੂੰਹ, ਮਸੂੜਿਆਂ, ਪੇਟ, ਗੁਦੇ ਜਾਂ ਯੋਨੀ ਤੋਂ ਖੂਨ ਵੱਗਣਾ; ਇਨਜੈਕਸ਼ਨ ਦੀ ਥਾਂ ਤੇ ਜਾਂ ਔਪਰੇਸ਼ਨ ਦੀ ਥਾਂ ਤੋਂ ਖੂਨ ਵੱਗਣਾ; ਅਲਰਜੀ ਪ੍ਰਤੀਕਿਰਿਆਵਾਂ; ਮੂਤਰ ਵਿੱਚ ਖੂਨ; ਜਾਂ ਜੇ ਤੁਸੀਂ ਇਕ ਦਿਮਾਗ਼ੀ ਦੌਰੇ (ਦਿਮਾਗ਼ ਦੇ ਅੰਦਰ ਖੂਨ ਵੱਗਣਾ) ਨੂੰ ਮਹਿਸੂਸ ਕਰਦੇ ਹੋ। FRAGMIN ਲੈਣ ਦੌਰਾਨ ਕਿਸੇ ਅਣਕਿਆਸੇ ਪ੍ਰਭਾਵਾਂ ਲਈ, ਤੁਰੰਤ ਆਪਣੇ ਡਾਕਟਰ ਜਾਂ ਦਵਾਫਰੋਸ਼ ਨਾਲ ਸੰਪਰਕ ਕਰੋ।

ਆਪਣੀਆਂ ਪਹਿਲਾਂ ਤੋਂ ਭਰੀਆਂ ਸਰਿੰਜਾਂ ਨੂੰ ਕਮਰੇ ਦੇ ਤਾਪਮਾਨ (15-30°C) ਤੇ ਸਟੋਰ ਕਰੋ।

ਕਿਰਪਾ ਕਰਕੇ ਇਨਜੈਕਸ਼ਨ ਦੇਣ ਬਾਰੇ ਅਤੇ ਸੁਰੱਖਿਆ ਜਾਣਕਾਰੀ ਲਈ ਉਤਪਾਦ ਪੈਕੇਜ ਵਿੱਚ ਉਪਭੋਗਤਾ ਸੂਚਨਾ ਕਿਤਾਬਚਾ ਵੇਖੋ।

**ਅੰਗਰੇਜ਼ੀ ਅਤੇ ਫ਼ਰੈਂਚ ਵਿੱਚ ਉਪਲਬਧ ਹੋਰ ਸਹਾਇਕ ਫਰੈਗਮਿਨ (Fragmin) ਸੰਸਾਧਨਾਂ ਬਾਰੇ ਪਤਾ ਕਰਨ ਲਈ Fragmin.ca 'ਤੇ ਜਾਓ**

**ਵੈੱਬਸਾਈਟ ਵਿੱਚ ਦਾਖ਼ਲ ਹੋਣ ਲਈ ਇਸ ਨੰਬਰ ਦਾ ਵਰਤੋਂ ਕਰੋ: 02430789**

Pfizer

FRAGMIN ® Pfizer Health AB, owner/ Pfizer Canada ULC, Licensee
© 2022 Pfizer Canada ULC, Kirkland, Quebec H9J 2M5

PP-FRA-CAN-0267-PU

MEMBER OF INNOVATIVE MEDICINES CANADA

Pr Fragmin® dalteparin sodium